## ਪਾਠ-9

## ਥਾਲ਼ (ਲੇਖਕ-ਸ੍ਰੀ ਸੁਖਦੇਵ ਮਾਦਪੁਰੀ)

## 1. ਪ੍ਰਸ਼ਨ/ਉੱਤਰ

**ਪ੍ਰਸ਼ਨ ੳ. ਥਾਲ਼ ਕਿਸ ਉਮਰ ਦੀਆਂ ਕੁੜੀਆਂ ਦੀ ਖੇਡ ਹੈ?**
ਉੱਤਰ : ਥਾਲ਼ ਬਚਪਨ ਨੂੰ ਟੱਪ ਕੇ ਜਵਾਨੀ ਦੀਆਂ ਬਰੂਹਾਂ ਉੱਤੇ ਖੜ੍ਹੀਆਂ ਕੁੜੀਆਂ ਦੀ ਖੇਡ ਹੈ।

**ਪ੍ਰਸ਼ਨ ਅ. ਥਾਲ਼ ਪਾਉਣ ਲਈ ਕਿਸ ਚੀਜ਼ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਹ ਖੇਡ ਕਿਵੇਂ ਖੇਡੀ ਜਾਂਦੀ ਹੈ?**
ਉੱਤਰ : ਥਾਲ਼ ਪਾਉਣ ਲਈ ਖਿੱਦੋ ਦੀ ਵਰਤੋਂ ਕੀਤੀ ਜਾਂਦੀ ਹੈ। ਇੱਕ ਕੁੜੀ ਖਿੱਦੋ ਨੂੰ ਹਵਾ ਵਿੱਚ ਉਛਾਲ ਤਲ਼ੀ ਉੱਤੇ ਬੋਚ ਕੇ ਉਸ ਨੂੰ ਆਪਣੀ ਤਲ਼ੀ ਨਾਲ਼ ਵਾਰ-ਵਾਰ ਬੜ੍ਹਕਾਉਂਦੀ ਹੈ ਤੇ ਨਾਲ਼-ਨਾਲ਼ ਥਾਲ਼ ਦੇ ਬੋਲ ਬੋਲਦੀ ਹੈ। ਇਸ ਦੇ ਨਾਲ਼ ਹੀ ਥਾਲ਼ਾਂ ਦੀ ਗਿਣਤੀ ਵੀ ਕੀਤੀ ਜਾਂਦੀ ਹੈ।



**ਪ੍ਰਸ਼ਨ ੲ. ਇਸ ਖੇਡ ਵਿੱਚ ਕੁੜੀਆਂ ਦੀ ਕਿੰਨੀ ਗਿਣਤੀ ਹੁੰਦੀ ਹੈ?**
ਉੱਤਰ : ਇਸ ਖੇਡ ਵਿੱਚ ਕੁੜੀਆਂ ਦੀ ਗਿਣਤੀ ਉੱਤੇ ਕੋਈ ਪਾਬੰਦੀ ਨਹੀਂ। ਉਂਞ ਇੱਕ ਤੋਂ ਵੱਧ ਕੁੜੀਆਂ ਇਸ ਖੇਡ ਵਿੱਚ ਹਿੱਸਾ ਲੈ ਸਕਦੀਆਂ ਹਨ।

**ਪ੍ਰਸ਼ਨ ਸ. ਕੁੜੀਆਂ ਥਾਲ਼ ਦੀ ਖੇਡ ਖੇਡਣ ਵੇਲ਼ੇ ਕਿਹੜੇ-ਕਿਹੜੇ ਰਿਸ਼ਤਿਆਂ ਦਾ ਵਾਰ-ਵਾਰ ਜ਼ਿਕਰ ਕਰਦੀਆਂ ਹਨ?**
ਉੱਤਰ : ਥਾਲ਼ ਦੀ ਖੇਡ ਖੇਡਣ ਸਮੇਂ ਕੁੜੀਆਂ ਗੀਤਾਂ ਵਿੱਚ ਆਪਣੇ ਵੀਰ, ਭਾਬੀ ਤੇ ਮਾਂ-ਪਿਓ ਦੇ ਰਿਸ਼ਤਿਆਂ ਦਾ ਵਾਰ-ਵਾਰ ਜ਼ਿਕਰ ਕਰਦੀਆਂ ਹਨ।

**ਪ੍ਰਸ਼ਨ ਹ. ਇਸ ਖੇਡ ਵਿੱਚ ਜਿੱਤ-ਹਾਰ ਕਿਵੇਂ ਹੁੰਦੀ ਹੈ?**
ਉੱਤਰ : ਖਿੱਦੋ ਨੂੰ ਬੁੜ੍ਹਕਾਉਂਦਿਆਂ ਜਿਸ ਕੁੜੀ ਨੇ ਜ਼ਿਆਦਾ ਗਿਣਤੀ ਵਿੱਚ ਥਾਲ਼ ਪਾਏ ਹੁੰਦੇ ਹਨ, ਉਹ ਜਿੱਤ ਜਾਂਦੀ ਹੈ।

**ਪ੍ਰਸ਼ਨ ਕ. ਇਸ ਪਾਠ ਵਿੱਚ ਆਏ ਪਹਿਲੇ ਥਾਲ਼ ਦੇ ਕੀ ਬੋਲ ਹਨ?**
ਉੱਤਰ : ਥਾਲ਼, ਥਾਲ਼, ਥਾਲ਼
ਮਾਂ ਮੇਰੀ ਦੇ ਲੰਮੇ ਵਾਲ਼
ਪਿਓ ਮੇਰਾ ਸ਼ਾਹੂਕਾਰ
ਸ਼ਾਹੂਕਾਰ ਨੇ ਬਾਗ਼ ਲਵਾਇਆ
ਅੰਦਰੋਂ ਪਾਣੀ ਰੁੜ੍ਹਦਾ ਆਇਆ
ਰੁੜ੍ਹ-ਰੁੜ੍ਹ ਪਾਣੀਆ
ਸੁਰਮੇਦਾਨੀਆਂ
ਸੁਰਮਾ ਪਾਵਾਂ
ਕੱਜਲ਼ ਪਾਵਾਂ
ਪਾਵਾਂ ਫੁੱਲ ਗੁਲਾਬ ਦਾ,
ਭਾਬੀ ਮੇਰੀ ਜ਼ੁਲਫ਼ਾਂ ਵਾਲ਼ੀ
ਵੀਰ ਮੇਰਾ ਸਰਦਾਰ।
ਆਲ ਮਾਲ
ਹੋਇਆ ਬੀਬੀ
ਪਹਿਲਾ ਥਾਲ਼।

**ਪ੍ਰਸ਼ਨ ਖ. ਥਾਲ਼ ਦੇ ਬੋਲ ਕਦੋਂ ਸੁਣਾਈ ਦਿੰਦੇ ਹਨ ?**
ਉੱਤਰ : ਖਿੱਦੋ ਦੇ ਬੁੜ੍ਹਕਣ ਜਾਂ ਟੱਪਾ ਲਾਉਣ ਨਾਲ਼ ਹੀ ਥਾਲ਼ ਦੇ ਬੋਲ ਸੁਣਾਈ ਦਿੰਦੇ ਹਨ।

## 2. ਖ਼ਾਲੀ ਥਾਂਵਾਂ ਭਰੋ :

(ੳ) ਥਾਲ਼ **ਪੰਜਾਬੀ** ਕੁੜੀਆਂ ਦੀ ਹਰਮਨ-ਪਿਆਰੀ ਲੋਕ-ਖੇਡ ਹੈ।
(ਅ) ਇਹ ਖੇਡ ਘਰਾਂ ਦੇ **ਦਲਾਨਾਂ** ਵਿੱਚ ਖੇਡੀ ਜਾਂਦੀ ਹੈ ।
(ੲ) ਇੱਕ ਤੋਂ ਵੱਧ **ਕੁੜੀਆਂ** ਇਹ ਖੇਡ ਖੇਡਦੀਆਂ ਹਨ ।
(ਸ) ਜਿਸ ਕੁੜੀ ਨੇ ਸਭ ਤੋਂ ਵੱਧ **ਥਾਲ਼** ਪਾਏ ਹੋਣ, ਉਸ ਨੂੰ ਜੇਤੂ ਮੰਨਿਆ ਜਾਂਦਾ ਹੈ।
(ਹ) ਇਹ ਗੀਤ ਖਿੱਦੋ ਦੀ ਗਤੀ ਅਨੁਸਾਰ ਇੱਕ ਖ਼ਾਸ **ਸੁਰ** ਤੇ **ਤਾਲ਼** 'ਤੇ ਗਾਏ ਜਾਂਦੇ ਹਨ।

## 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ –

1. **ਮੋਹ (ਪਿਆਰ)–** ਮੇਰੀ ਮਾਸੀ ਮੇਰਾ ਬਹੁਤ ਮੋਹ ਕਰਦੀ ਹੈ।
2. **ਦਲਾਨ (ਘਰ ਦਾ ਛੋਟਾ ਵਿਹੜਾ)–** ਥਾਲ਼ ਖੇਡ ਘਰਾਂ ਦੇ ਦਲਾਨਾਂ ਵਿੱਚ ਖੇਡੀ ਜਾਂਦੀ ਹੈ ।
3. **ਸੁਗੰਧੀ (ਖ਼ੁਸ਼ਬੋ)–** ਫੁੱਲ ਸੁਗੰਧੀ ਫੈਲਾ ਰਹੇ ਹਨ।
4. **ਮਨੋਰੰਜਨ (ਮਨ–ਪਰਚਾਵਾ)–** ਥਾਲ਼ ਖੇਡ ਕੁੜੀਆਂ ਦੇ ਮਨੋਰੰਜਨ ਦਾ ਵਧੀਆ ਸਾਧਨ ਹੈ ।
5. **ਦਿਲਚਸਪ (ਮਜ਼ੇਦਾਰ)–** ਇਹ ਕਹਾਣੀ ਬਹੁਤ ਦਿਲਚਸਪ ਹੈ ।
6. **ਉਤਸੁਕਤਾ (ਅੱਗੇ ਜਾਣਨ ਦੀ ਇੱਛਾ)–** ਇਹ ਫ਼ਿਲਮ ਬੜੀ ਉਤਸੁਕਤਾ ਭਰੀ ਹੈ ।

## 3. ਵਿਆਕਰਨ :

ਉਹ ਸ਼ਬਦ, ਜੋ ਕਿਸੇ ਨਾਂਵ ਜਾਂ ਪੜਨਾਂਵ ਨਾਲ਼ ਆ ਕੇ ਉਸ ਦੀ ਵਿਸ਼ੇਸ਼ਤਾ ਦੱਸੇ, ਉਸ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ; ਜਿਵੇਂ :- **ਤੇਜ਼** ਹਵਾਵਾਂ, **ਲਾਲ** ਮਿੱਟੀ, **ਕਾਲ਼ਾ** ਘੋੜਾ, **ਗੋਰਾ** ਮੁੰਡਾ ਆਦਿ ।

**ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ :**

1. ਗੁਣ–ਵਾਚਕ ਵਿਸ਼ੇਸ਼ਣ
2. ਸੰਖਿਆ–ਵਾਚਕ ਵਿਸ਼ੇਸ਼ਣ
3. ਪਰਿਮਾਣ–ਵਾਚਕ ਵਿਸ਼ੇਸ਼ਣ
4. ਨਿਸਚੇ–ਵਾਚਕ ਵਿਸ਼ੇਸ਼ਣ
5. ਪੜਨਾਵੀਂ ਵਿਸ਼ੇਸ਼ਣ

**ਹੇਠਾਂ ਦਿੱਤੇ ਵਾਕਾਂ ਵਿੱਚ ਲਕੀਰੇ ਸ਼ਬਦ ਵਿਸ਼ੇਸ਼ਣ ਹਨ :**

- ਇਹਦੇ ਖੇਡਣ ਦਾ ਤਰੀਕਾ **ਬਹੁਤ ਹੀ ਸੌਖਾ ਤੇ ਸਰਲ** ਹੈ।
- ਥਾਲ਼ ਦੀ ਖੇਡ **ਬਹੁਤ ਦਿਲਚਸਪ** ਹੈ।
- ਇਹ ਕੁੜੀਆਂ ਦੀ **ਹਰਮਨ–ਪਿਆਰੀ ਲੋਕ ਖੇਡ** ਹੈ।
- ਥਾਲ਼ਾਂ ਦੀ ਲੰਬਾਈ ਵਿੱਚ **ਥੋੜ੍ਹਾ–ਬਹੁਤਾ ਹੀ ਅੰਤਰ** ਹੁੰਦਾ ਹੈ।
- ਕੁੜੀਆਂ ਦੇ ਬੋਲ ਹਵਾਵਾਂ ਵਿੱਚ **ਮੋਹ–ਮੁਹੱਬਤਾਂ** ਦੀ ਸੁਗੰਧੀ ਖਿਲਾਰ ਦਿੰਦੇ ਹਨ।
- ਵੀਰ ਮੇਰਾ **ਲੰਮਾ**, ਭਾਬੋ ਮੇਰੀ **ਪਤਲੀ**।
- **ਨਿੱਕੀਆਂ** ਬਾਲੜੀਆਂ ਰਬੜ ਦੀ ਗੇਂਦ ਨਾਲ਼ ਥਾਲ਼ ਪਾਉਂਦੀਆਂ ਹਨ।
- **ਦਰਜਨਾਂ** ਦੀ ਗਿਣਤੀ ਵਿੱਚ ਇਹ ਥਾਲ਼ ਮਿਲ਼ਦੇ ਹਨ ।